


**ISSN Print:** 2394-7500
**ISSN Online:** 2394-5869
**Impact Factor:** 5.2
IJAR 2015; 1(13): 113-118
www.allresearchjournal.com
Received: 15-10-2015
Accepted: 16-11-2015

**ਡਾ. ਰਾਣਾ ਬਲਜਿੰਦਰ ਕੌਰ**
ਅਸਿਸਟੈਂਟ ਪ੍ਰੋ: (ਪੰਜਾਬੀ), ਗੁਰੂ ਨਾਨਕ ਕਾਲਜ ਫਾਰ ਗਰਲਜ਼, ਸ੍ਰੀ ਮੁਕਤਸਰ ਸਾਹਿਬ ।

**Correspondence**
**ਡਾ. ਰਾਣਾ ਬਲਜਿੰਦਰ ਕੌਰ**
ਅਸਿਸਟੈਂਟ ਪ੍ਰੋ: (ਪੰਜਾਬੀ), ਗੁਰੂ ਨਾਨਕ ਕਾਲਜ ਫਾਰ ਗਰਲਜ਼, ਸ੍ਰੀ ਮੁਕਤਸਰ ਸਾਹਿਬ ।

# ਵਿਸ਼ਵਾਨਾਥ ਤਿਵਾੜੀ ਦਾ ਕਾਵਿ-ਸੰਸਾਰ

**ਡਾ. ਰਾਣਾ ਬਲਜਿੰਦਰ ਕੌਰ**

ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦੇ ਸ਼ੈਦਾਈ ਡਾ. ਵਿਸ਼ਵਾਨਾਥ ਤਿਵਾੜੀ ਦਾ ਜਨਮ 17 ਮਾਰਚ, 1936 ਨੂੰ ਮਾਤਾ ਸੱਤਿਆ ਦੇਵੀ ਦੀ ਕੁੱਖੋਂ ਸੇਵਕ ਬੈਜ ਨਾਥ ਦੇ ਘਰ ਪਟਿਆਲਾ ਵਿਖੇ ਹੋਇਆ। ਉਸ ਦਿਨ ਈਦ ਹੋਣ ਕਰਕੇ ਘਰ ਦਿਆਂ ਨੇ ਉਸਨੂੰ 'ਈਦੂ' ਕਹਿਣਾ ਸੁਰੂ ਕਰ ਦਿੱਤਾ। ਭਾਵੇ ਸੇਵਕ ਬੈਜਨਾਥ ਆਪ ਬਹੁਤਾ ਨਹੀ ਸਨ ਪੜ੍ਹੇ ਪਰ ਉਹਨਾਂ ਦੀ ਇੱਛਾ ਸੀ ਕਿ ਉਹਨਾਂ ਦਾ ਬੇਟਾ ਉਚੇਰੀ ਵਿਦਿਆ ਪ੍ਰਾਪਤ ਕਰੇ ।

ਡਾ. ਤਿਵਾੜੀ ਦੀ ਪੰਜਾਬੀ ਭਾਸ਼ਾ ਵਿਚ ਦਿਲਚਸਪੀ ਦੇ ਪਿਛੋਕੜ ਵਿਚ ਦਾਦਾ ਭਗਤ ਰਾਮ ਦੁਆਰਾ ਰਚੀਆਂ ਪੁਸਤਕਾਂ ਦਾ ਅਧਿਐਨ ਸੀ। ਉਸ ਨੇ ਗਿਆਨੀ ਪ੍ਰਭਾਕਰ, ਰਤਨ ਆਦਿਕ ਪ੍ਰੀਖਿਆਵਾਂ ਦਸਵੀਂ ਤੋਂ ਬਾਅਦ 1 ਸਾਲ ਵਿਚ ਪਾਸ ਕਰ ਲਈਆਂ। 1954 ਵਿਚ ਬੀ.ਏ. ਆਨਰਜ਼ ( ਪੰਜਾਬੀ) ਵਿਚੋਂ ਸੋਨੇ ਦਾ ਤਮਗਾ ਪ੍ਰਾਪਤ ਕੀਤਾ। ਪੜ੍ਹਾਈ ਦੇ ਨਾਲ ਹੀ ਵਾਦ-ਵਿਵਾਦ ਪ੍ਰਤੀਯੋਗਤਾ ਅਤੇ ਭਾਸ਼ਨ ਮੁਕਾਬਲਿਆ ਜਿਹੀਆਂ ਸਭਿਆਚਾਰਕ ਸਰਗਰਮੀਆਂ ਵਿਚ ਹਿੱਸਾ ਲੈ ਕੇ ਸਾਰੇ ਉੱਤਰੀ ਭਾਰਤ ਵਿਚ ਆਪਣੀ ਧਾਂਕ ਪੈਦਾ ਕੀਤੀ ।

ਐਮ.ਏ ਪੰਜਾਬੀ ਦੀ ਪੜ੍ਹਾਈ ਦੌਰਾਨ 1954 ਤੋਂ 1956 ਤੱਕ ਕਵਿਤਾ, ਕਹਾਣੀ, ਲੇਖ ਲਿਖਣ ਵਿਚ ਰੁਚੀ ਪੈ-ਦਾ ਹੋਈ । ਆਪਣੀ ਸਮਰੱਥਾ ਅਨੁਸਾਰ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਸਾਹਿਤ ਵਿਚ ਯੋਗਦਾਨ ਪਾਇਆ । ਉਸਨੇ ਵਿਦਿਆਰਥੀ ਰਾਜਨੀਤੀ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ । 1956 ਵਿਚ ਐਮ.ਏ ਪੰਜਾਬੀ ਦਾ ਇਮਤਿਹਾਨ ਪੰਜਾਬ ਯੂਨੀਵਰਸਿਟੀ ਤੋਂ ਅੱਵਲ ਰਹਿ ਕੇ ਪਹਿਲੇ ਦਰਜੇ ਵਿਚ ਪਾਸ ਕੀਤਾ । ਉਸਨੇ "ਸਰਬ ਹਿੰਦ ਕਾਨਫਰੰਸ' ਜੋ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਪਟਿਆਲਾ ਵਿਖੇ 1957 ਵਿਚ ਕਰਵਾਈ ਗਈ, ਵਿਚ ਪੰਜਾਬ ਦੇ ਹਿੰਦੂਆ ਨੂੰ ਵਿਸ਼ੇਸ਼ ਤੌਰ ਤੇ ਅਪੀਲ ਕੀਤੀ ਕਿ ਮਾਂ ਬੋਲੀ ਨੂੰ ਉਸਦਾ ਬਣਦਾ ਦਰਜਾ ਦੇਣ ਅਤੇ ਨਾਲ ਹੀ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਦੀ ਅਨੁਕੂਲਤਾ ਨੂੰ ਸਵੀਕਾਰਣ । 1956 ਵਿਚ ਪਿਤਾ ਦੇ ਦੇਹਾਂਤ ਉਪਰਾਂਤ ਆਰਥਿਕ ਮੰਦਹਾਲੀ ਦੇ ਬਾਵਜੂਦ ਨੌਕਰੀ ਦਾ ਲਾਲਚ ਨਾ ਕਰਦਿਆ ਪੰਜਾਬੀ ਬੋਲੀ ਦੀ ਪ੍ਰਫੁੱਲਤਾ ਲਈ ਵਧੇਰੇ ਯਤਨ ਆਰੰਭੇ । ਪੰਜਾਬੀ ਬੋਲੀ ਬਾਰੇ ਉਸਦਾ ਪਿਆਰ ਇਹਨਾਂ ਸਤਰਾਂ ਵਿਚੋ ਪ੍ਰਗਟ ਹੁੰਦਾ ਹੈ :

> ਪੰਜਾਬੀ ਬੋਲੀ ਲਈ ਮੇਰਾ ਇਸ਼ਕ ਲਹੂ ਲਾ ਕੇ ਸ਼ਹੀਦ ਬਨਣ ਲਈ
> ਜਾਂ ਕਿਸੇ ਨਿੱਜੀ ਗਰਜ਼ ਨੂੰ ਪੂਰਾ ਕਰਨ ਲਈ ਨਹੀਂ ਸੀ ਪੈਦਾ ਹੋਇਆ,
> ਇਹ ਮਾਖਿਓ ਮਿੱਠੀ ਬੋਲੀ ਮਾਂ ਦੇ ਦੁੱਧ ਨਾਲ ਸਿੱਖੀ ਹੈ ਤੇ ਏਸੇ ਬੋਲੀ
> ਨੂੰ ਆਪਣੇ ਹਾਵ ਭਾਵ ਪ੍ਰਗਟਾਉਣ ਤੇ ਭਰ ਜਵਾਨੀ ਦੇ ਅਰਮਾਨਾਂ,
> ਜਜ਼ਬਿਆਂ ਵਲਵਲਿਆਂ, ਸਧਰਾਂ ਤੇ ਰੀਝਾਂ ਨੂੰ ਦਰਸਾਉਣ ਲਈ ਅਪਣਾਇਆ ਹੈ।[1]

ਸਰਕਾਰੀ ਕਾਲਜ ਰੋਪੜ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ, ਅਤੇ ਸਰਕਾਰੀ ਕਾਲਜ ਟਾਂਡਾ ਉੜਮੁੜ ਵਿੱਚ ਪੰਜਾਬੀ ਦੇ ਪ੍ਰਾਅਧਿਆਪਕ ਦੇ ਤੌਰ ਤੇ ਸੇਵਾ ਕਰਨ ਮਗਰੋਂ 1960 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਲੈਕਚਰਾਰ ਨਿਯੁਕਤ ਹੋਏ ਅਤੇ 1961 ਵਿਚ ਉਨਾਂ ਦੀਆਂ ਸੇਵਾਵਾਂ ਸਥਾਈ ਕਰ ਦਿੱਤੀਆ ਗਈਆਂ।

3 ਅਪ੍ਰੈਲ, 1984 ਈ. ਨੂੰ ਕੁਝ ਅਣਪਛਾਤੇ ਨੌਜਵਾਨਾ ਨੇ ਡਾ. ਤਿਵਾੜੀ ਦੀ ਚੰਡੀਗੜ੍ਹ ਦੇ ਨਿਵਾਸ ਸਥਾਨ ਤੇ ਹੱਤਿਆ ਕਰ ਦਿੱਤੀ ।

ਉਸਨੇ ਕਾਵਿ-ਰਚਨਾ, ਕਹਾਣੀ ਰਚਨਾ, ਵਾਰਤਕ ਰਚਨਾ ਤੋਂ ਇਲਾਵਾਂ ਪੁਸਤਕਾਂ ਦੇ ਸੰਪਾਦਨ ਰਾਹੀ ਪੰਜਾਬੀ ਸਾਹਿਤ ਵਿਚ ਆਪਣਾ ਯੋਗਦਾਨ ਪਾਇਆ । ਉਸਦੀ ਕਵਿਤਾ ਦਾ ਡੂੰਘਾ ਅਧਿਐਨ ਕਰਨ ਤੇ ਪਤਾ ਚੱਲਦਾ ਹੈ ਕਿ ਉਹ ਕਵਿਤਾ ਨੂੰ ਇਸ਼ਕ ਕਰਨ ਵਾਲਾ ਅਤੇ ਖੋਜੀ ਹੈ । ਉਸਨੇ ਵੱਖ ਵੱਖ ਵਿਸ਼ਿਆ ਤੇ ਕਲਮ ਚਲਾਈ ਹੈ । ਕਵੀ ਦੀਆਂ ਮੁੱਢਲੀਆਂ ਕਾਵਿ੍ਰਚਨਾਵਾਂ ਉਸਦੇ ਨਿੱਜੀ ਜੀਵਨ ਦਾ ਯਥਾਰਥਿਕ ਚਿੱਤਰ ਹਨ । ਉਨਾਂ ਦਾ ਪਲੇਠਾ ਕਾਵਿ ਸੰਗ੍ਰਹਿ 'ਯਾਦਾਂ ਚੋਂ ਯਾਦਾਂ' 1957 ਈ. ਵਿਚ ਪ੍ਰਕਾਸ਼ਿਤ ਹੋਇਆ । ਇਸ ਵਿਚਲੀਆਂ ਕਵਿਤਾਵਾਂ ਕਿਸੇ ਠੁਕਰਾਏ ਹੋਏ, ਉਦਾਸ ਅਤੇ ਬਿਰਹੋਂ ਦੇ ਸਤਾਏ ਹੋਏ ਵਿਅਕਤੀ ਦੀ ਝਲਕ ਪੈਂਦੀ ਹੈ ।

ਤੇਰੇ ਭਾਣੇ ਖੇਡ ਏ ਬਣ ਗਈ
ਦੁਨੀਆਂ ਭਾਣੇ ਛੇਡ ਏ ਬਣ ਗਈ
ਦਿਲ ਮੇਰੇ ਨਾਸੂਰ ਬਣਾ ਕੇ

ਖੂਨ ਏ ਤ੍ਰਿਪ ਤ੍ਰਿਪ ਚੋਇਆ,
ਮੈਨੂੰ ਕੋਈ ਨ ਪੁੱਛੇ ਕੀ ਹੋਇਆ ? [2]

ਇਸ ਸੰਗ੍ਰਹਿ ਵਿਚਲੀਆ ਅੰਤਰਮੁਖੀ ਕਵਿਤਾਵਾ ਵਿਚੋ ਕਵੀ ਦੇ ਜੀਵਨ ਅਤੀਤ ਦੀ ਝਲਕ ਮਿਲਦੀ ਹੈ । ਉਸਨੇ ਸ਼ਬਦ ਚਿਤਰਾਂ ਦੁਆਰਾ ਕਿਸੇ ਅਣਹੋਂਦ, ਕਿਸੇ ਅਣਗੌਲੇਪਣ ਦਾ ਪ੍ਰਗਟਾਵਾ ਕੀਤਾ ਹੈ। ਜੀਵਨ ਪੰਧ ਵਿਚ ਪੈਦਾ ਹੋਈਆਂ ਪਾਬੰਦੀਆਂ ਨੂੰ ਦੂਰ ਕਰਨਾ ਚਾਹੁੰਦਾ ਹੋਇਆ ਵੀ ਉਹ ਆਪਣੀ ਬੇਬਸੀ ਜਾਹਿਰ ਕਰਦਾ ਹੈ । ਉਸਨੇ ਆਪਣੀ ਜ਼ਿੰਦਗੀ ਦੇ ਅਹਿਮ ਪਲਾਂ ਨੂੰ ਸਧਾਰਣ ਕਾਵਿ-ਸ਼ੈਲੀ ਰਾਹੀਂ ਪਾਠਕਾਂ ਨਾਲ ਸਾਂਝਾ ਕੀਤਾ ਹੈ:

ਜਨਮ ਤੋ ਟੱਕਰ ਰਹੀ ਮੇਰੀ ਤੇ ਮੇਰੇ ਭਾਗ ਦੀ
ਕਸ਼ਮਕਸ਼ ਵਿੱਚ ਪੈ ਕੇ ਮੈ ਹਿੰਮਤ ਵਿਖਾਉਂਦਾ ਹੀ ਰਿਹਾ [3]

ਕਵੀ ਅੰਦਰ ਸੰਸਾਰ ਦੀ ਖੁਸ਼ੀ ਲਈ ਕੋਈ ਇੱਛਾ ਨਹੀਂ । ਉਹ ਆਰਥਿਕ ਪਾੜੇ ਨੂੰ ਪ੍ਰੇਮੀਆਂ ਦੀ ਪ੍ਰੀਤ ਨੂੰ ਸਿਰੇ ਨਾ ਚੜ੍ਹਨ ਦਾ ਕਾਰਨ ਸਮਝਦਾ ਹੈ । ਉਹਨਾਂ ਨੂੰ ਸਮਾਜ ਵਿਚਲੀਆ ਗਲਤ ਕਦਰਾਂ ਕੀਮਤਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ ।'ਯਾਦਾਂ ਚੋਂ ਯਾਦਾਂ' ਕਾਵਿ ਸੰਗ੍ਰਹਿ ਵਿਚ ਕਵੀ ਦੇ ਨਿੱਜੀ ਪਿਆਰ ਸੰਬੰਧੀ ਵੀ ਕਈ ਥਾਵਾਂ ਤੇ ਵਰਨਣ ਹੋਇਆ ਮਿਲਦਾ ਹੈ । ਜਿਸ ਵਿਚ ਉਸਨੇ ਆਪਣੀ ਪ੍ਰੇਮਿਕਾ ਦੀ ਸੁੰਦਰਤਾ ਦਾ ਬਿਆਨ ਬੜੇ ਹੀ ਸੁਚੱਜੇ ਢੰਗ ਨਾਲ ਕੀਤਾ ਹੈ ।ਇਸ ਕਾਵਿ-ਸੰਗ੍ਰਹਿ ਵਿਚ ਦੇਸ਼ ਪਿਆਰ, ਕੌਮੀ ਏਕਤਾ, ਮਿਲਵਰਤਨ, ਮਨੁੱਖ ਦੇ ਮਨੁੱਖ ਨਾਲ ਚੰਗੇ ਸੰਬੰਧਾਂ ਦੀ ਸਥਾਪਤੀ ਸੰਬੰਧੀ ਕਵਿਤਾਵਾਂ ਸ਼ਾਮਲ ਹਨ । ਪਿਆਰ ਇਹਨਾਂ ਸਾਰਿਆਂ ਲਈ ਚੰਗੀ ਭੂਮਿਕਾ ਨਿਭਾ ਸਕਦਾ ਹੈ । ਪ੍ਰੇਮਿਕਾ ਨੂੰ ਪਿਆਰ ਕਰਦਾ ਕਰਦਾ ਪ੍ਰੇਮੀ ਸਾਰੀ ਦੁਨੀਆਂ ਨਾਲ ਪਿਆਰ ਕਰਨ ਦੇ ਕਾਬਲ ਹੋ ਜਾਂਦਾ ਹੈ :

ਮਜ਼ਬੀ ਵਿਤਕਰਿਆ ਨੂੰ ਭੁੱਲ ਕੇ
ਆਪਾ ਆਪਣਾ ਭੁੱਲ ਕੇ
ਹਸਤੀ ਆਪਣੀ ਭੁੱਲ ਕੇ
ਹਸਤੀ ਦੇਸ਼ ਦੀ ਬਣਾ ਸਕਦਾ ਏ
ਪਿਆਰ ਕੁੜੀ ਨਾਲ ਕਰਦਾ ਕਰਦਾ
ਪਿਆਰ ਦੇਸ ਨਾਲ ਕਰ ਸਕਦਾ ਏ
ਦੇਸ਼ ਨੂੰ ਆਪਣਾ ਬਣਾ ਸਕਦਾ ਏ [4]

1966 ਵਿਚ ਪ੍ਰਕਾਸ਼ਿਤ ਹੋਇਆ ਦੂਸਰਾ ਕਾਵਿ-ਸੰਗ੍ਰਹਿ 'ਤਨ ਦੀ ਚਿਖਾ' ਵੀ ਯਾਦਾਂ ਚੋਂ ਯਾਦਾਂ' ਵਾਗ ਕਵੀ ਦੀਆਂ ਅੰਤਰਮੁਖੀ ਕਾਵਿ-ਰਚਨਾਵਾਂ ਨਾਲ ਭਰਪੂਰ ਹੈ । ਇਸ ਵਿਚ ਉਸਨੇ ਬਚਪਨ ਦੀਆਂ ਕੌੜੀਆਂ ਯਾਦਾਂ, ਆਰਥਿਕ ਔਕੜਾਂ ਅਤੇ ਦੁੱਖਾਂ ਆਦਿ ਦਾ ਵਰਨਣ ਕੀਤਾ ਹੈ । 'ਮੇਰੇ ਮਹਿਬੂਬ' ਨਾਂ ਦੀ ਲੰਮੀ ਕਵਿਤਾ ਵੀ ਇਸ ਵਿਚ ਸ਼ਾਮਿਲ ਹੈ । ਇਸ ਕਵਿਤਾ ਵਿਚ ਪਿਆਰ ਬਿਨਾਂ ਜੀਵਨ ਸੱਖਣਾ ਦਰਸਾਇਆ ਗਿਆ ਹੈ :

ਭਟਕ ਇਨਸਾਨ ਦੀ ਕੁਰਲਾ ਰਹੀ
ਤਾਕਤ ਪੈਸਾ ਹੀ ਨਹੀਂ ਸਭ ਕੁਝ
ਖੇੜੇ ਦਾ ਸੋਮਾ ਪਿਆਰ ਬਸ ਪਿਆਰ
ਹੁਣ ਵੀ ਤੇ ਅਗੇ ਨੂੰ ਵੀ
ਰਹੇਗੀ ਅਮਿੱਟ ਭੁੱਖ ਏਸ ਦੀ
ਪਿਆਰ ਜੀਵਨ ਦਾ ਉਲਝਿਆ ਸਵਾਲ
ਦੁਨੀਆ ਦੇ ਪਹਿਲੇ ਮਨੁੱਖ ਨੇ
ਪਿਆਰ ਲਈ ਜੰਨਤ ਨੂੰ ਛੱਡਿਆ
ਦੁਨੀਆਂ ਦਾ ਆਖਰੀ ਇਨਸਾਨ
ਪਿਆਰ ਦੀ ਅਣਹੋਂਦ ਮਹਿਸੂਸੇਗਾ [5]

ਪਿਆਰ ਲਈ ਕਵੀ ਦਾ ਤੜਪਣਾ ਸੁਭਾਵਿਕ ਹੈ ਕਿਉਂਕਿ ਬਚਪਨ ਵਿਚ ਹੀ ਉਸਨੂੰ ਮਾਂ-ਬਾਪ ਦੇ ਪਿਆਰ ਤੋਂ ਵਾਂਝਿਆਂ ਹੋਣਾ ਪਿਆ । ਉਹ ਆਪਣੇ ਜੀਵਨ ਨੂੰ ਮੱਸਿਆ ਦੀ ਰਾਤ ਕਹਿੰਦਾ ਹੈ ਤੇ ਪ੍ਰੇਮਿਕਾ ਦਾ ਸਾਥ ਉਸਦੇ ਹਨੇਰੇ ਜੀਵਨ ਲਈ ਰੌਸ਼ਨੀ ਦੀ ਇੱਕ ਕਿਰਨ ਹੈ । ਇਸਦੇ ਲਈ ਉਹ ਸਮਾਜ ਨਾਲ ਵੀ ਟੱਕਰ ਲੈਣ ਲਈ ਤਿਆਰ ਹੈ :

ਜਨਮ ਤੋਂ ਤਰਸਦਾ ਰਿਹਾ ਹਾਂ
ਮੈ ਪਿਆਰ ਲਈ
ਉਸ ਪਿਆਰ ਲਈ
ਆਇਆ ਮੇਰੇ ਅੰਦਰ ਜਨੂੰਨ ਦਾ ਹੜ
ਮੈ ਬਣਿਆ ਵਿਦਰੋਹ ਰੂਪੀ ਜਵਾਲਾਮੁਖੀ
ਸਮਾਜੀ ਚਟਾਨਾਂ ਨੂੰ ਕੰਬਾ ਦੇਣ ਵਾਲਾ ਕੋਈ ਜਲਜਲਾ
ਖੇਰੂੰ ਖੇਰੂੰ ਕਰ ਮਨੂੰ ਦਾ ਕਾਨੂੰਨ [6]

ਸਮੇਂ ਦੀਆਂ ਪ੍ਰਸਥਿਤੀਆਂ ਮੁਤਾਬਕ ਉਸਦੀਆ ਕਵਿਤਾ ਵਿਚ ਨਿਖਾਰ ਆਇਆ ਹੈ । ਉਹ ਮਾਨਵਤਾ ਦਾ ਪਿਆਰ ਪਾਉਣ

ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੈ । ਉਹ ਦੁਨੀਆਂ ਲਈ ਕੁਝ ਵਧੀਆ ਕਰਨਾ ਚਾਹੁੰਦਾ ਹੈ ਤੇ ਆਪਣੀ ਅੰਦਰਲੀ ਹਿੰਮਤ ਉਸਨੂੰ ਦੁਨੀਆਂ ਦੇ ਫਾਇਦੇ ਲਈ ਕੁਝ ਕਰ ਸਕਣ ਦੇ ਯੋਗ ਲੱਗਦੀ ਹੈ :

ਦੌੜ ਮੇਰੀ ਹੈ ਮਾਨਵ ਪ੍ਰੀਤੀ
ਰੀਝ ਮੇਰੀ ਜਗ ਗੁਲਦਸਤੇ ਦਾ
ਇੱਕ ਫੁੱਲ ਬਣਾ ਮੈਂ ਕਾਸ਼
ਰੋਸ਼ਨੀ ਜਿਸਤੇ ਪੱਛਮੀ ਹੋਵੇ
ਅੰਦਰ ਜਿਸਦੇ ਪੂਰਬ ਹੋਵੇ
ਤਪ ਤਿਆਰ ਤੇ ਭਗਤੀ ਵਾਲਾ
ਮੈ ਇਸ ਰਾਹ ਤੇ ਟੁਰਦਾ ਟੁਰਦਾ
ਕਲ੍ਹ, ਕਲ੍ਹ ਨਹੀਂ, ਨਹੀਂ ਭਾਵੇਂ ਅੱਜ ਹੀ
ਟੁੱਟ ਜਾਂ ਮੈਂ ਤਾਰੇ ਵਾਂਗੂੰ [7]

ਇਸ ਕਾਵਿ ਸੰਗ੍ਰਹਿ ਵਿਚ 'ਮੇਰੇ ਮਹਿਬੂਬ' ਲੰਮੀ ਕਵਿਤਾ ਤੋਂ ਇਲਾਵਾ 14 ਕਵਿਤਾਵਾਂ ਹਨ ਤੇ ਉਸਤੋਂ ਬਾਅਦ ਗਜ਼ਲਾਂ ਹਨ । ਇਹਨਾਂ ਗਜ਼ਲਾਂ ਵਿਚ ਉਸਨੇ ਨਿੱਜੀ ਪਿਆਰ ਨੂੰ ਵਿਸ਼ਾ ਬਣਾਇਆ ਹੈ । ਉਸਨੇ ਸੁੰਦਰ ਸ਼ਬਦ ਚਿਤਰਾਂ ਰਾਹੀਂ ਪ੍ਰੇਮਿਕਾ ਦਾ ਬਿੰਬ ਉਘਾੜਿਆ ਹੈ :

ਉਹਨਾਂ ਦਾ ਨਾਜੁਕਪੁਣਾ ਦਸਾ ਮੈਂ ਕੀ
ਸਾਥੋਂ ਉਹ ਬਿਨ ਤਕੇ ਹੀ ਸ਼ਰਮਾ ਗਏ [8]

1977 ਵਿਚ ਉਸਦਾ ਤੀਸਰਾ ਕਾਵਿ-ਸੰਗ੍ਰਹਿ 'ਅੱਕ ਦੀ ਅੰਬੀ' ਪ੍ਰਕਾਸ਼ਿਤ ਹੋਇਆ । ਇਸ ਵਿਚ ਕਵੀ ਨੇ ਅੰਦਰੋ ਬਾਹਰ ਵੱਲ ਸਫਰ ਕੀਤਾ ਹੈ । ਸਮਾਜ ਵਿਚਲੀ ਹਨੇਰਗਰਦੀ, ਝੂਠੇ ਸਮਾਜਕ ਰਿਸ਼ਤਿਆਂ ਤੇ ਧਰਮ ਦੇ ਠੇਕੇਦਾਰਾਂ ਦੀ ਮਨਮਰਜ਼ੀ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾ ਕੇ ਇਹਨਾਂ 'ਤੇ ਕਰੜੀ ਚੋਟ ਕੀਤੀ ਹੈ । ਇਥੇ ਵੀ ਮਨੁੱਖ ਨੂੰ ਭਟਕਣਾ ਹੀ ਪੈਂਦਾ ਹੈ । ਉਹ ਦੇਖਦਾ ਹੈ ਕਿ ਹਰ ਚਿਹਰੇ ਤੇ ਇੱਕ ਮਖੌਟਾ ਹੈ ਜੋ ਵਿਅਕਤੀ ਦੇ ਅਸਤਿੱਤਵ ਦੀ ਸਹੀ ਪਹਿਚਾਨ ਬਿਲਕੁਲ ਨਹੀਂ ਕਰਵਾਉਂਦਾ । ਉਸਨੂੰ ਜੰਗਲ ਵਾਂਗ ਫੈਲਿਆ ਇਹ ਸਮਾਜ ਵੀ ਜੰਗਲੀ ਲੱਗਦਾ ਹੈ । ਉਹ ਬਾਹਰਲੀਆਂ ਖੁਸ਼ੀਆਂ ਤੋ ਉਕਤਾ ਕੇ ਦੁਬਾਰਾ ਅੰਦਰ ਵੱਲ ਜਾਣ ਦੀ ਕੋਸ਼ਿਸ਼ ਕਰਦਾ ਹੈ । ਪਰ ਉਸਨੂੰ ਨਾ ਅੰਦਰ ਸੰਭਾਲ ਸਕਦਾ ਹੈ ਤੇ ਨਾ ਹੀ ਬਾਹਰ। ਉਹ ਸਵੈ ਤੋ ਟੁੱਟ ਜਾਂਦਾ ਹੈ ਤੇ ਆਪਣੀ ਹੋਂਦ ਲਈ ਭਟਕਦਾ ਹੈ:

'ਕਾਂਤ' ਮੇਰੇ ਗਮ ਦੇ ਸਾਗਰ ਨੂੰ ਤਰ ਨਹੀਂ ਸਕਿਆ
'ਮਾਰਕਸ' ਦਾ ਅਰਥ ਸ਼ਾਸਤਰ
ਭਾਵਾਂ ਦੇ ਹੜ ਨੂੰ ਕਦ ਰੋਕ ਸਕਿਆ ਹੈ ?
'ਡਾਕਟਰ ਫਰਾਇਡ' ਵਿਚਾਰਾ ਤਾਂ
ਉਸ ਅੰਦਰ ਨੂੰ ਛੂਹ ਹੀ ਨਹੀਂ ਪਾਇਆ
ਹਜਾਰਾਂ ਕੋਹਾਂ ਦਾ ਪੈਂਡਾ ਕਰਕੇ
'ਸਾਰਤਰ' ਕੋਲ
ਹੋਂਦ ਦੇ ਅਰਥ ਦੀ ਪੁੜੀ ਹੀ ਤਾਂ ਲੈਣ ਆਇਆ ਹਾਂ [9]

ਇਨ੍ਹਾਂ ਕਵਿਤਾਵਾਂ ਦੇ ਨਿਕਟਵਰਤੀ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਕਵੀ ਸਵੈ ਤੇ ਸਮਾਜ ਦੋਨਾਂ ਨਾਲੋ ਟੁੱਟ ਚੁੱਕਾ ਹੈ । ਇਸੇ ਅਹਿਸਾਸ ਨੇ ਇਕਲਾਪੇ ਦੇ ਅਹਿਸਾਸ ਨੂੰ ਉਸਦੀ ਰਚਨਾ ਦਾ ਪ੍ਰਮੁੱਖ ਵਿਸ਼ਾ ਬਣਾਇਆ ਹੈ । ਦੁਨੀਆਂ ਦੀ ਦੌਲਤ, ਅਹੁਦੇ ਦੀ ਤਾਕਤ ਤੇ ਬਾਹਰ ਦੀ ਚਮਕ ਦਮਕ ਵੀ ਉਸਨੂੰ ਇਕਲਾਪੇ ਤੋਂ ਅਜ਼ਾਦ ਨਹੀਂ ਕਰ ਸਕਦੀ। ਇਸ ਬਾਰੇ ਡਾ. ਅਤਰ ਸਿੰਘ ਦੇ ਆਪਣੇ ਵਿਚਾਰ ਪੇਸ਼ ਕੀਤੇ ਹਨ :

> ਜਿਹੜੀ ਅੰਦਰਲੀ ਖੋਹ, ਪੂਰਤੀ ਤੇ ਪ੍ਰਾਪਤੀ ਦੇ ਸਿਖ਼ਰ ਤੇ ਪੁੱਜ ਕੇ ਵੀ ਬਣੀ ਰਹਿੰਦੀ ਹੈ, ਵਿਸ਼ਵਾਨਾਥ ਤਿਵਾੜੀ ਨੇ ਪਹਿਲੀ ਵਾਰ ਉਸਦੀ ਬਾਤ ਪਾਈ ਹੈ। ਇਸ ਬਾਤ ਦਾ ਧੁਰਾ ਆਮ ਤੌਰ ਤੇ ਤਿੱਖਾ ਤੇ ਕਟੀਲਾ ਹੈ [10]

ਇਹ ਦੁਨਿਆਵੀ ਚੀਜ਼ਾਂ ਦੀ ਪ੍ਰਾਪਤੀ ਉਸਦੇ ਖਲਾਅ ਨੂੰ ਘਟਾਉਂਦੀ ਨਹੀਂ ਸਗੋਂ ਵਧਾਉਂਦੀ ਹੈ :

ਅਹਿਸਾਸ ਗੁਰਬਤ ਦਾ ਅੱਜ ਵੀ ਤਾਜਾ
ਨਫਰਤ ਮੈਨੂੰ ਉਸ ਦੁਨੀਆਂ ਤਾਈਂ
ਸਤਿਕਾਰ ਮੇਰਾ ਅੱਜ ਪੈਸਾ ਕਰਕੇ
ਤ੍ਰਿਸਕਾਰ ਬਾਪ ਦਾ ਗੁਰਬਤ ਕਰਕੇ
ਮੈਂ ਅੱਖੀ ਤੱਕਿਆ ਦੁਖੀ ਵੀ ਹੋਇਆ [11]

ਕਵੀ ਨੇ ਵੱਖ ਵੱਖ ਦੇਸ਼ਾਂ ਦੀ ਸਮੇਂ ਸਮੇਂ ਸਿਰ ਯਾਤਰਾ ਕੀਤੀ । ਇਹਨਾਂ ਖੂਬਸੂਰਤ ਸ਼ਹਿਰਾਂ ਦੀਆਂ ਨਾ-ਭੁੱਲਣਯੋਗ ਯਾਦਾਂ ਤੇ ਡੂੰਘੇ ਜਜਬਾਤਾਂ ਨੇ ਕਾਵਿ ਚੇਤਨਾ ਨੂੰ ਹੋਰ ਉਘਾੜਿਆ ਹੈ । 'ਪਿਕਾਡਲੀ ਸਰਕਸ' ਨਾਂ ਦੀ ਕਵਿਤਾ ਵਿਚ ਉਸਨੇ ਲੰਡਨ ਵਰਗੇ ਸ਼ਹਿਰ ਵਿਚ ਜਿਸਮਾਂ ਦੇ ਹੁੰਦੇ ਵਪਾਰ ਦਾ ਵਰਨਣ ਕੀਤਾ ਹੈ । 'ਈਰੌਸ ਦਾ ਬੁੱਤ' ਇਤਿਹਾਸਕ ਹੋਣ ਦੇ ਬਾਵਜੂਦ ਵੀ ਉਸਦੇ ਆਲੇ ਦੁਆਲੇ ਇਕੱਠੀ ਹੋਈ ਭੀੜ ਵਿਚ ਵੀ ਪਿਆਰ ਨਹੀਂ ਸਗੋਂ ਫਰੇਬ ਹੈ :

ਮੈਥੋ ਕੁਝ ਕਦਮਾ ਤੇ
ਈਰੌਸ ਦਾ ਬੁੱਤ ਖੜ੍ਹਾ ਹੈ
ਜਿਥੇ ਹਰ ਕੁੜੀ 'ਨੂਰ ਜਹਾਂ' ਵਾਂਗ
ਕਬੂਤਰ ਤਾਂ ਉਡਾ ਸਕਦੀ ਹੈ
ਪਰ ਉਸਦੇ ਚਿਹਰੇ ਤੇ ਭੋਲਾਪਨ ਨਹੀਂ ਹੁੰਦਾ [12]

ਅੱਜ ਦਾ ਮਨੁੱਖ ਦੋ ਤਰ੍ਹਾਂ ਦੀ ਜਿੰਦਗੀ ਜਿਉਂ ਰਿਹਾ ਹੈ । ਅੰਦਰ ਤਾਂ ਈਰਖਾ ਹੁੰਦੀ ਹੈ ਪਰ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਲਈ ਝੂਠੀਆਂ ਮੁਸਕਰਾਹਟਾਂ ਵੰਡਦਾ ਹੈ । ਇਸਦੇ ਕਾਨੂੰਨ ਦੂਸਰਿਆਂ ਲਈ ਹੋਰ ਹੁੰਦੇ ਹਨ ਤੇ ਆਪਣਿਆਂ ਲਈ ਹੋਰ । ਆਦਮੀ ਦੂਸਰਿਆਂ ਦੇ ਇਸ਼ਕ ਦੇ ਕਿੱਸੇ ਤਾਂ ਬਹੁਤ ਚਾਅ ਨਾਲ ਸੁਣਦਾ ਹੈ ਪਰ ਜਦ ਆਪਣੇ ਘਰ ਅਜਿਹਾ ਵਾਪਰਦਾ ਹੈ ਤਾਂ ਟੁੱਟ ਜਾਂਦਾ ਹੈ :

ਇਹੋ ਮਰਦ ਕੈਦੋਂ 'ਚ ਬਦਲ ਜਾਂਦਾ ਹੈ
ਜਦ ਇਸ ਦੀ ਧੀ
ਗੁਆਂਢੀ 'ਸਰੂ' ਨੂੰ ਨੈਣਾਂ 'ਚ ਉਤਾਰ ਲੈਂਦੀ ਹੈ ।
ਜਦ ਇਸਦੀ ਭੈਣ

ਕਿਸੇ ਜੋਗੀ ਨੂੰ ਹੱਥ ਵਿਖਾਉਂਦੀ ਹੈ ।
ਜਦ ਇਸਦੀ ਬੀਵੀ
ਰਾਤ ਨੂੰ ਆਪਣੇ ਬਿਸਤਰੇ ਤੇ ਨਹੀਂ ਹੁੰਦੀ ।
ਜਿਹਨ ਦਾ ਸ਼ੀਸ਼ਾ ਟੁੱਟ ਜਾਂਦਾ ਹੈ
ਰੇਤ ਦੀ ਮੁੱਠੀ ਬਿਖਰ ਜਾਂਦੀ ਹੈ [13]

ਡਾ. ਤਿਵਾੜੀ ਦਾ ਚੌਥਾ ਕਾਵਿ-ਸੰਗ੍ਰਹਿ 'ਗਾਰਾਜ ਤੋ ਫੁੱਟਪਾਥ ਤੀਕ' 1980 ਈ. ਵਿਚ ਪ੍ਰਕਾਸ਼ਿਤ ਹੋਇਆ । ਇਸ ਪੁਸਤਕ ਤੇ ਕਵੀ ਨੂੰ 1981 ਦਾ ਸਾਹਿਤ ਅਕਾਡਮੀ ਪੁਰਸਕਾਰ ਮਿਲਿਆ । ਇਸ ਕਾਵਿ ਸੰਗ੍ਰਹਿ ਵਿਚ 37 ਕਵਿਤਾਵਾਂ ਹਨ । ਇਹਨਾਂ ਕਵਿਤਾਵਾਂ ਵਿਚ ਮਨੁੱਖੀ ਇਕੱਲਤਾ ਦਾ ਬਹੁਤ ਹੀ ਡੂੰਘਾਈ ਵਿਚ ਵਿਸ਼ਲੇਸ਼ਣ ਕੀਤਾ ਹੈ । ਕਵੀ ਬਾਹਰ ਤੋਂ ਉਪਰਾਮ ਹੋਇਆ ਫਿਰ ਅੰਦਰ ਵੱਲ ਆਉਣ ਦੇ ਆਹਰ ਵਿਚ ਜਾਪਦਾ ਹੈ । ਅਜੋਕੇ ਮਨੁੱਖ ਦੀ ਇਹ ਹੋਣੀ ਹੈ ਕਿ ਉਸਦੇ ਅੰਦਰ ਹਰ ਸਮੇਂ ਮਹਾਂਭਾਰਤ ਦਾ ਯੁੱਧ ਛਿੜਿਆ ਰਹਿੰਦਾ ਹੈ ਪਰ ਉਸਨੂੰ ਦੂਜਿਆ ਤੋਂ ਆਪਾ ਲੁਕਾਉਣਾ ਪੈਂਦਾ ਹੈ:

ਮਨ ਦੀ ਡਾਲ ਤੇ
ਜੇ ਕੋਈ ਚੰਦਰਾ ਪੰਛੀ ਬੋਲੇ
ਚਿਹਰਾ ਆਪਦਾ ਮੂੰਹ ਨਾ ਖੋਲ੍ਹੇ
ਮਨ ਦੇ ਵਿਹੜੇ
ਜੇ ਪੱਤਝੜ ਦਾ ਮੌਸਮ ਆਵੇ
ਚਿਹਰਾ ਨਾ ਕੁਮਲਾਵੇ [14]

ਕਵੀ ਨੇ ਆਪਣੇ ਆਲੇ ਦੁਆਲੇ ਨੂੰ ਬੜੀ ਬਾਰੀਕੀ ਨਾਲ ਵੇਖਿਆ ਹੈ । ਵਿਗਿਆਨਕ ਉਨਤੀ ਨਾਲ ਭਾਵੇ ਦੇਸ਼ਾਂ ਵਿਚਲਾ ਫਾਸਲਾ ਘਟ ਗਿਆ ਹੈ ਪਰ ਲੋਕ ਉਸੇ ਤੇਜੀ ਨਾਲ ਇਕ ਦੂਜੇ ਤੋਂ ਦੂਰ ਹੁੰਦੇ ਜਾ ਰਹੇ ਹਨ । ਮਸ਼ੀਨੀਕਰਨ ਨੇ ਜਿੰਦਗੀ ਨੂੰ ਬਹੁਤ ਸੌਖਾ ਕਰ ਦਿੱਤਾ ਹੈ ਜਿਸ ਕਾਰਨ ਲੋਕਾਂ ਦੀ ਇਕ ਦੂਜੇ ਤੇ ਨਿਰਭਰਤਾ ਘਟਦੀ ਜਾ ਰਹੀ ਹੈ ਪਰ ਇਸਦੇ ਕਾਰਨ ਜੋ ਭੀੜ ਬਣੀ ਜਾ ਰਹੀ ਉਸਨੂੰ ਵੀ ਕਵੀ ਨੇ ਮਹਿਸੂਸ ਕੀਤਾ ਹੈ ।

ਸੂਰਜ ਦੇ ਹਨੇਰੇ ਵਿੱਚ
ਇਮਾਰਤਾਂ ਦੇ ਜੰਗਲ ਅੰਦਰ,
ਵਿਚਾਰਾ ਮਨੁੱਖ।
ਅੱਖਾਂ ਤੇ ਪੱਟੀ ਬੰਨ੍ਹੀ
ਲੁਕਣਮੀਟੀ ਖੇਡ ਰਿਹਾ ਹੈ ।
ਮਨੁੱਖਤਾ ਦਾ ਜੀਵਨ
ਇਕ ਬਟਨ ਉਤੇ ਹੈ ਖੜਿਆ
ਬਟਨ
ਇੱਕ ਦੈਂਤ ਦੇ ਹੱਥਾਂ ਵਿੱਚ ਹੈ ਧਰਿਆ
ਤੇ ਰੱਬ ਵਿਚਾਰਾ ਬੁੱਢਾ ਹੋ ਗਿਐ [15]

ਮਸ਼ੀਨੀ ਯੁੱਗ ਵਿਚ ਮਸ਼ੀਨਾ ਮਨੁੱਖ ਦੀਆਂ ਮਾਲਕ ਬਣ ਗਈਆਂ ਹਨ । ਮਨੁੱਖਾਂ ਨਾਲੋਂ ਮਸ਼ੀਨਾਂ ਦਾ ਵਧੇਰੇ ਧਿਆਨ ਰੱਖਿਆ ਜਾਂਦਾ ਹੈ । ਗਰੀਬ ਜਨਤਾ ਨੂੰ ਫੁੱਟਪਾਥਾਂ ਤੇ ਰਾਤਾਂ ਕੱਟਣੀਆਂ ਪੈਂਦੀਆਂ ਹਨ ਜਦ ਕਿ ਮਸ਼ੀਨਾਂ ਲਈ ਵੱਡੇ ਵੱਡੇ ਗਰਾਜ ਬਣਾਏ ਜਾਂਦੇ ਹਨ । ਇਹੀ ਆਧੁਨਿਕ ਮਨੁੱਖ ਦੀ ਦੁਰਗਤੀ ਹੈ ।

ਵਾਹ ਮੇਰੇ ਦੇਸ਼
ਆਫਰੀਨ ਹਾਂ ਆਪਣੇ ਆਪ ਉਤੇ
ਮਸ਼ੀਨ ਨੂੰ ਗਰਾਜ ਨਹੀ ਮਿਲਿਆ ਇੱਕ ਰਾਤ
ਤਾ ਕੀ ਬੀਤੀ ਸੀ
ਇਹ ਵਰ੍ਹਿਆ ਤੋ ਕੋਹਰੇ ਦਾ ਨਿੱਘ ਮਾਣ ਰਹੇ ਨੇ [16]

ਅੱਜ ਕੱਲ ਮਨੁੱਖ ਦੀ ਪਛਾਣ ਸਿਰਫ ਉਸਦੇ ਪੈਸੇ ਨਾਲ ਹੁੰਦੀ ਹੈ । ਪੈਸਾ ਹੈ ਤਾਂ ਬਾਪ, ਬੇਟਾ, ਪਤਨੀ, ਪ੍ਰੇਮਿਕਾ ਆਦਿ ਉਸਦੇ ਹਨ ਪਰ ਪੈਸੇ ਦੀ ਅਣਹੋਂਦ ਕਾਰਨ ਉਹ ਸਾਰਿਆ ਨਾਲੋਂ ਟੁੱਟ ਜਾਂਦਾ ਹੈ । ਪੈਸੇ ਲਈ ਮਨੁੱਖ ਆਪਣਾ ਸਰੀਰ, ਅਕਲ ਤੇ ਈਮਾਨ ਸਭ ਕੁਝ ਵੇਚਣ ਲਈ ਤਿਆਰ ਹੋ ਜਾਂਦਾ ਹੈ । ਪਰ ਐਸ਼ਪ੍ਰਸਤੀ ਦੀਆਂ ਚੀਜ਼ਾਂ ਕੋਲ ਹੋਣ ਦੇ ਬਾਵਜੂਦ ਮਾਨਵੀ ਮਨ ਅੰਦਰ ਭਟਕਣ ਰਹਿੰਦੀ ਹੈ । ਸਮਾਜ ਨਾਲੋਂ ਟੁੱਟਣ ਕਰਕੇ ਵਿਅਕਤੀ ਆਪਣੇ ਸਵੈ ਨਾਲੋਂ ਵੀ ਟੁੱਟ ਰਿਹਾ ਹੈ । ਉਸਦਾ ਵਿਵਹਾਰ ਦੂਸਰਿਆ ਨਾਲ ਮਹਿਜ ਰਸਮੀ ਬਣ ਚੁੱਕਾ ਹੈ :

ਕਿਹਾ ਜੁਗ ਆਇਆ ਏ
ਜਿਸਦੇ ਗੋਲੀ ਮਾਰਨ ਨੂੰ ਜੀਅ ਕਰਦੈ
ਮਨੁੱਖ ਨੇ ਕਹਿਣਾ ਸਿੱਖ ਲਿਆ ਏ
'ਨਾਈਸ ਮੀਟਿੰਗ ਯੂ ' [17]

1988 ਵਿੱਚ ਪੰਜਾਬੀ ਅਕਾਦਮੀ ਦਿੱਲੀ ਵੱਲੋ ਡਾ. ਤਿਵਾੜੀ ਦੇ ਦੋ ਕਾਵਿ੍ਸੰਗ੍ਰਹਿ 'ਚੁੱਪ ਦੀ ਪੈੜ' ਅਤੇ 'ਇਕੱਲ ਤੋਂ ਇਕੱਲ ਦਾ ਸਫ਼ਰ' ਪ੍ਰਕਾਸ਼ਿਤ ਕੀਤੇ ਗਏ । 'ਚੁੱਪ ਦੀ ਪੈੜ' ਕਾਵਿ ਸੰਗ੍ਰਹਿ ਵਿਚ ਪੰਜਾਬ ਵਿਚ ਫੈਲੀ ਹੋਈ ਬਦਅਮਨੀ ਦੀ ਤਸਵੀਰ ਖਿੱਚੀ ਹੈ । ਇਹਨਾ ਕਵਿਤਾਵਾਂ ਵਿਚ ਕਵੀ ਨੇ ਪੰਜਾਬ ਦੇ ਲੋਕਾਂ ਵਿਚ ਵਧ ਰਹੀਆਂ ਵਿੱਥਾਂ, ਵਿਤਕਰਿਆਂ ਅਤੇ ਵੰਡੀਆਂ ਵੱਲ ਸੰਕੇਤ ਕੀਤੇ ਹਨ । ਇਨਸਾਨੀਅਤ ਦੀ ਥਾਂ ਤੇ ਹਿੰਦੂ ਸਿੱਖ ਹੋਣਾ ਹੀ ਆਦਮੀ ਦੀ ਪਹਿਚਾਣ ਬਣ ਗਿਆ ਹੈ । ਆਏ ਦਿਨ ਬੰਦ ਦੇ ਸੱਦਿਆਂ ਨੇ ਆਮ ਲੋਕਾਂ ਦੇ ਜੀਵਨ ਵਿਚ ਉੱਥਲ ਪੁੱਥਲ ਮਚਾ ਦਿੱਤੀ ਹੈ ।

'ਪੰਜਾਬ' ਬਾਰੇ ਬੱਸ ਏਹੋ ਖ਼ਬਰ ਹੁੰਦੀ ਹੈ
ਕਲ੍ਹ ਜਿਨ੍ਹਾਂ ਗਲਵਕੜੀ ਪਾਈ ਸੀ
ਕਸਮ ਖਾਈ ਸੀ
ਪੱਗ ਵਟਾਈ ਸੀ
ਇਕੱਠਿਆਂ ਰਹਿਣ ਲਈ ਘਰ ਸੜਵਾਏ ਸਨ
ਤੇ ਭਰੇ ਘਰ ਛੱਡ ਆਏ ਸਨ
ਅੱਜ ਉਹ ਹਰ ਪਲ
ਦੂਰ ਹੁੰਦੇ ਜਾ ਰਹੇ [18]

ਹਿੰਦੁਸਤਾਨ ਵਿਚ ਮਨੁੱਖੀ ਕਦਰਾਂ ਕੀਮਤਾਂ ਦਾ ਜੋ ਕਤਲ ਹੋ ਰਿਹਾ ਹੈ ਡਾ. ਤਿਵਾੜੀ ਨੇ ਇਹਨਾਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ । ਅਮੀਰ ਬਨਣ ਲਈ ਮਨੁੱਖ ਕੁਝ ਵੀ ਕਰਨ ਲਈ ਤਿਆਰ ਹੈ । ਇਸ ਪੂੰਜੀਵਾਦੀ ਸਮਾਜ ਵਿਚ

ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ । ਗਰੀਬ ਦੀ ਕੋਈ ਇੱਜ਼ਤ ਨਹੀਂ । ਕਵੀ ਅੰਦਰ ਇਸ ਤਰ੍ਹਾਂ ਦੇ ਸਮਾਜ ਤੋਂ ਜੋ ਘਬਰਾਹਟ ਹੁੰਦੀ ਹੈ, ਉਸਨੂੰ ਤਿਵਾੜੀ ਨੇ ਇਹਨਾਂ ਕਾਵਿ ਸਤਰਾਂ ਵਿੱਚ ਪੇਸ਼ ਕੀਤਾ ਹੈ ;

ਸਿਹਤ ਖਰਾਬ ਕਰਕੇ ਪੈਸੇ ਕਮਾਓ
ਤੇ ਸਦਾਚਾਰ ਨੂੰ ਗਹਿਣੇ ਪਾ ਕੇ
ਅਮੀਰ ਬਣੋ ਅਮੀਰ ਬਣਾਓ
ਮੈਂ ਇਸ ਦੌੜ ਤੇਜ਼ ਦੌੜ ਆਇਆ ਹਾਂ
ਤੇ ਡਰ ਕੇ ਚੁੱਪ ਹੋ ਗਿਆ ਹਾਂ
ਘਰ ਵਿੱਚ ਬੈਠ ਗਿਆਂ ਹਾਂ
ਡਰਾਇੰਗ ਰੂਮ ਵਿੱਚ ਪਏ ਪੱਥਰ ਦੇ ਬੁੱਤ ਵਾਂਗ [19]

ਦੁਨੀਆਂ ਵਿੱਚ ਫੈਲੀ ਬਦਅਮਨੀ ਨੂੰ 'ਵੀਅਤਨਾਮ ਦੇ ਨਾਂ ' ਕਵਿਤਾ ਵਿਚ ਪੇਸ਼ ਕੀਤਾ ਹੈ। ਮਨੁੱਖ ਦੀ ਮਨੁੱਖ ਨਾਲੋਂ ਟੁੱਟਦੀ ਸਾਂਝ ਕਰਕੇ ਉਸਦੇ ਅਸਤਿੱਤਵ ਲਈ ਖਤਰਾ ਪੈਦਾ ਹੋ ਗਿਆ ਹੈ। ਕਵੀ ਨੇ ਵਿਅਕਤੀ ਦੀ ਟੁੱਟਦੀ ਹੋਂਦ ਦੇ ਖਤਰੇ ਨੂੰ ਆਪਣੀ ਕਲਮ ਰਾਹੀਂ ਅੰਕਿਤ ਕਰਨ ਦਾ ਯਤਨ ਕੀਤਾ ਹੈ ;

ਕਿੱਧਰੇ ਵੀ ਹੋਵੇ ਕੋਈ ਮਹਾਂਨਗਰ
ਹਰ ਮਹਾਂਨਗਰ ਦਾ ਇੱਕੋ ਅਸਰ
ਜਿਉਂਦੇ ਜਿਸਮ, ਜ਼ਿੰਦਗੀ ਜਾਂਦੀ ਮਰ
ਭੀੜ 'ਚ ਗੁੰਮ ਜਾਣ ਦਾ ਕੋਈ ਡਰ [20]

ਇਸ ਕਾਵਿ ਸੰਗ੍ਰਹਿ ਵਿਚ ਮਨੁੱਖ ਦੇ ਇਕਲਾਪੇ ਨੂੰ ਵੀ ਪੇਸ਼ ਕੀਤਾ ਹੈ । ਭੀੜ ਵਿਚ ਗੁੰਮ ਹੋਇਆ ਮਨੁੱਖ ਆਪਣੇ ਨਾਲ ਵੀ ਗੱਲਾਂ ਕਰਨਾ ਚਾਹੁੰਦਾ ਹੈ । ਪਰ ਆਪਣੀ ਸਹੀ ਪਹਿਚਾਣ ਨਹੀਂ ਕਰ ਸਕਦਾ । ਜੁਬਾਨ, ਧਰਮ ਤੇ ਵਿਵਸਥਾ ਜਿਸਨੂੰ ਬਣਾਉਣ ਪਿੱਛੇ ਮਨੁੱਖ ਨੂੰ ਸੱਭਯ ਬਣਾਉਣ ਦਾ ਉਦੇਸ਼ ਸੀ, ਅੱਜ ਮਨੁੱਖਤਾ ਵਿਚਕਾਰ ਲੜਾਈ ਝਗੜੇ ਦਾ ਕਾਰਨ ਬਣ ਰਹੇ ਹਨ । ਇਹਨਾਂ ਤੋਂ ਤੰਗ ਆ ਕੇ ਮਨੁੱਖ ਇਕੱਲਾ ਆਪਣੇ ਤੌਰ ਤੇ ਜ਼ਿੰਦਗੀ ਬਤੀਤ ਕਰਨਾ ਚਾਹੁੰਦਾ ਹੈ ਤਾਂ ਜੋ ਉਸ ਉਤੇ ਕੋਈ ਬੰਦਿਸ਼ ਨਾ ਹੋਵੇ ;

ਕਦੇ ਕਦੇ ਅਜਨਬੀ ਹੋਣ ਨੂੰ
ਦਿਲ ਕਰਦਾ ਏ
ਕੋਈ ਨਾ ਜਾਣੇ
ਕੋਈ ਨਾ ਪੁੱਛੇ
ਕਿੱਥੋ ਆਇਆ ?
ਕਿੱਥੇ ਚੱਲਿਆ ? [21]

'ਇਕੱਲ ਤੋ ਇਕੱਲ ਦਾ ਸਫ਼ਰ' ਕਾਵਿ ਸੰਗ੍ਰਹਿ ਵਿਚ ਇੱਕੋ ਇੱਕ ਲੰਬੀ ਬਿਰਤਾਂਤਿਕ ਕਵਿਤਾ ਹੈ । ਪਹਿਲਾ ਲਿਖੀਆਂ ਇਕਲਾਪੇ ਨੂੰ ਪ੍ਰਗਟਾਉਦੀਆਂ ਕਵਿਤਾਵਾਂ ਨਾਲ ਉਹ ਲੰਬੀ ਕਵਿਤਾ ਪੂਰੀ ਹੋਈ ਹੈ । ਇਹ ਇਕਲਾਪਾ ਮਾਂਬਾਪ ਦੇ ਵਿਛੋੜੇ, ਉਦਯੋਗਿਕ ਤਰੱਕੀ, ਵਿਖੰਡਤ ਸਵੈ, ਮਾਨਵੀਂ ਪਦਾਰਥਵਾਦੀ ਰੁਚੀਆਂ, ਸਮਾਜ ਵਿਚ ਫੈਲੀ ਆਪ੍ਧਾਪੀ ਅਤੇ ਪੈਸੇ ਦੀ ਪੂਜਾ ਆਦਿ ਤੋਂ ਪੈਦਾ ਹੋਇਆ ਹੈ । ਪਰ ਕਵੀ ਨੇ ਇਹ ਮਹਿਸੂਸ ਕੀਤਾ ਹੈ ਕਿ ਇਕਲਾਪਾ ਤਾਂ ਧੁਰੋ ਹੀ ਜੀਵਨ ਦਾ ਅਨਿੱਖੜਵਾਂ ਅੰਗ ਹੈ :

ਮੇਰੀਆਂ ਦੋਵੇ ਅੱਖਾ ਬੰਦ ਹਨ
ਪਰ ਤੀਜਾ ਨੇਤਰ ਖੁੱਲ੍ਹ ਗਿਆ ਹੈ
ਇਕੱਲਾ ਆਇਆ ਇਕੱਲਾ ਜਾਣਾ [22]

ਜਿਸ ਇਕੱਲ ਦਾ ਅਹਿਸਾਸ ਕਵੀ ਨੂੰ ਹੋਇਆ ਹੈ ਉਸ ਵਿਚ ਉਹ ਆਪਣੇ ਆਪ ਨੂੰ ਖੰਡਿਤ ਹੋਇਆ ਮਹਿਸੂਸ ਕਰਦਾ ਹੈ ।

ਇਕੱਲੇ ਦੇ ਵੀ ਹਰ ਪਲ
ਟੁਕੜੇ ਹੋ ਰਹੇ ਹਨ
ਮੈ ਕਦੇ ਇਕ ਦਾ ਜੀਵਨ ਜੀਉਂਦਾ ਸੀ
ਹੁਣ ਨਾ ਕੇਵਲ ਇਕੱਲਾ ਹਾਂ
ਇਕੱਲੇ ਦੇ ਵੀ ਬਹੁਤ ਟੁਕੜੇ ਹੋ ਗਏ ਹਨ [23]

ਆਪਣੇ ਇਕੱਲ ਤੋਂ ਇਕੱਲ ਦੇ ਸਫਰ ਦੌਰਾਨ ਸਾਰਾ ਬ੍ਰਹਿਮੰਡ ਹੀ ਉਸਨੂੰ ਆਪਣਾ ਜਾਪਦਾ ਹੈ ਤੇ ਉਹ ਕਣ-ਕਣ ਵਿਚ ਆਪਣੀ ਹੋਂਦ ਮਹਿਸੂਸ ਕਰਦਾ ਹੈ । ਇਕੱਲ ਉਸਨੂੰ ਰੱਬ ਨਾਲ ਮਿਲਣ ਦਾ ਇਕ ਸਾਧਨ ਪ੍ਰਤੀਤ ਹੁੰਦਾ ਹੈ ਤੇ ਇਕੱਲ ਵਿਚ ਵੀ ਉਸਨੂੰ ਸਕੂਨ ਮਿਲਦਾ ਹੈ :

ਇੰਤਜਾਰ ਕਰ ਰਿਹਾ ਹਾਂ
ਸੰਦੇਸ਼ ਦੇਣ ਲਈ
ਕਿ ਫੈਲ ਜਾਵਾਂ ਉਸ ਬ੍ਰਿਛ ਵਾਂਗ
ਜਿਸ ਦੇ ਸਾਏ ਵਿੱਚ
ਕਿਸੇ ਨੂੰ ਭਾਵਾਂ ਦੀ ਥੁੜ ਦਾ ਅਹਿਸਾਸ ਨਾ ਹੋਵੇ [24]

ਵਿਸ਼ਵਾਨਾਥ ਤਿਵਾੜੀ ਨੇ ਨਿੱਜੀ ਅਹਿਸਾਸ ਦੇ ਪੱਧਰ ਤੇ ਮਨੁੱਖੀ ਵੇਦਨਾਂ ਨੂੰ ਆਪਣੀ ਕਵਿਤਾ ਵਿਚ ਪੇਸ਼ ਕੀਤਾ ਹੈ । ਇਕਲਾਪੇ ਦੀ ਸੰਵੇਦਨਾ ਨੂੰ ਉਸਨੇ ਆਪਣੀ ਕਵਿਤਾ ਦਾ ਪ੍ਰਮੁੱਖ ਵਿਸ਼ਾ ਬਣਾਇਆ ਹੈ । ਮਨੁੱਖ ਦਾ ਆਪੇ ਨਾਲੋਂ ਰਿਸ਼ਤਾ ਦਿਨੋ ਦਿਨ ਟੁੱਟ ਰਿਹਾ ਹੈ, ਇਸ ਚਿੰਤਾ ਨੂੰ ਤਿਵਾੜੀ ਦੀ ਕਵਿਤਾ ਵਿਚ ਸਿੱਧੇ ਰੂਪ ਵਿਚ ਵੇਖਿਆ ਜਾ ਸਕਦਾ ਹੈ । ਆਪੇ ਨੂੰ ਨਾ ਸਮਝ ਸਕਣ ਕਾਰਨ ਜੋ ਆਤਮ-ਦਵੰਦ ਤੇ ਆਤਮ ਦੁਫਾੜ ਪੈਦਾ ਹੁੰਦਾ ਹੈ ਉਹ ਵਿਅਕੀਗਤ ਇਕਲਾਪੇ ਨੂੰ ਵੱਧਣ ਫੁੱਲਣ ਵਿੱਚ ਸਹਾਇਤਾ ਕਰਦਾ ਹੈ ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਡਾ. ਤਿਵਾੜੀ ਦੀ ਕਵਿਤਾ ਨੇ ਪਹਿਲਾਂ ਨਿੱਜ ਤੋ ਪਰ ਵੱਲ ਸਫਰ ਕੀਤਾ ਅਤੇ ਬਾਅਦ ਵਿਚ ਫਿਰ ਆਪੇ ਨਾਲ ਜੁੜਨ ਦੀ ਕੋਸ਼ਿਸ਼ ਕੀਤੀ । ਇੱਕ ਕਵੀ ਦੇ ਤੌਰ ਤੇ ਉਸਦੀ ਕਵਿਤਾ ਵਿਚੋਂ ਸਭ ਤੋਂ ਬਲਵਾਨ ਸੁਰ ਇਕਲਾਪੇ ਦੀ ਹੈ । ਇਕਲਾਪੇ ਨੂੰ ਵੱਖ ਵੱਖ ਪਸਾਰਾਂ ਵਿੱਚ ਪੇਸ਼ ਕਰਦਿਆਂ ਕਵੀ ਨੂੰ ਇਸੇ ਇਕਲਾਪੇ ਵਿੱਚੋਂ ਹੀ ਸ਼ਾਤੀ ਮਿਲਦੀ ਹੈ । ਉਹ ਇਸਨੂੰ ਪਰਮਾਤਮਾ ਨਾਲ ਮਿਲਣ ਦਾ ਇਕ ਰਸਤਾ ਸਮਝ ਕੇ ਆਪਣਾ 'ਇਕੱਲ ਤੇਜ਼ ਇਕੱਲ ਦਾ ਸਫ਼ਰ' ਸੰਪੰਨ ਹੋਇਆ ਸਮਝਦਾ ਹੈ ।

## ਹਵਾਲੇ ਅਤੇ ਟਿੱਪਣੀਆਂ


1. ਰੋਜ਼ਾਨਾ ਅਕਾਲੀ ਪੱਤ੍ਰਿਕਾ, ਜਲੰਧਰ, ਜੁਲਾਈ 15,1956
2. ਵਿਸ਼ਵਾਨਾਥ ਤਿਵਾੜੀ, ਯਾਦਾਂ ਚੋਂ ਯਾਦਾਂ, ਸੈਂਟਰਲ ਪਬਲਿਸ਼ਰਜ਼, ਲੁਧਿਆਣਾ, 1981 ਪੰ..18
3. ਉਹੀ, ਪੰ..17
4. ਉਹੀ ਪੰ..54-55
5. ਉਹੀ, ਤਨ ਦੀ ਚਿਖਾ, ਸੈਂਟਰਲ ਪਬਲਿਸ਼ਰਜ਼, ਲੁਧਿਆਣਾ, 1981 ਪੰ..12
6. ਉਹੀ, ਪੰ..38-39
7. ਉਹੀ
8. ਉਹੀ, ਪੰ..69
9. ਉਹੀ ਅੱਕ ਦੀ ਅੰਬੀ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1977, ਪੰ..15
10. ਡਾ. ਅਤਰ ਸਿੰਘ, ਉਹੀ ਪੰ..9
11. ਵਿਸ਼ਵਾਨਾਥ ਤਿਵਾੜੀ, ਉਹੀ ਪੰ..22
12. ਉਹੀ ਪੰ..28
13. ਉਹੀ ਪੰ..41
14. ਉਹੀ, ਗਰਾਜ ਤੋਂ ਫੁੱਟਪਾਥ ਤੀਕ, ਮਾਡਰਨ ਪਬਲਿਸ਼ਰਜ਼ ਚੰਡੀਗੜ੍ਹ, 1980, ਪੰ..10
15. ਉਹੀ, ਪੰ..70
16. ਉਹੀ, ਪੰ..53
17. ਉਹੀ ਪੰ..70
18. ਉਹੀ, ਚੁੱਪ ਦੀ ਪੈੜ, ਪੰਜਾਬੀ ਅਕਾਦਮੀ ਦਿੱਲੀ, 1988, ਪੰ..7
19. ਉਹੀ, ਪੰ..58
20. ਉਹੀ, ਪੰ..59
21. ਉਹੀ, ਪੰ..30
22. ਉਹੀ ਇਕੱਲ ਤੋਂ ਇਕੱਲ ਦਾ ਸਫ਼ਰ, ਪੰਜਾਬੀ ਅਕਾਦਮੀ ਦਿੱਲੀ 1988 ਪੰ..48
23. ਉਹੀ ਪੰ..49-50
24. ਉਹੀ ਪੰ..60